ਬਾਰ੍ਹਵੀਂ

ਖੇਤੀਬਾੜੀ

ਅਕਾਦਮਿਕ ਸਾਲ : 2024-2025

## ਲਿਖਤੀ ਪ੍ਰੀਖਿਆ ਲਈ ਪ੍ਰਸ਼ਨ ਪੱਤਰ ਦੀ ਬਣਤਰ

ਸਮਾਂ : 3 ਘੰਟੇ ਕੁੱਲ ਅੰਕ : 70

ਪ੍ਰਸ਼ਨ ਪੱਤਰ ਵਿੱਚ ਕੁੱਲ 24 ਪ੍ਰਸ਼ਨ ਹੋਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :

| ਇਕਾਈ | 1-1 ਅੰਕ ਵਾਲੇ ਆਬਜੈਕਟਿਵ ਟਾਈਪ ਪ੍ਰਸ਼ਨ | | | | 2-2 ਅੰਕਾਂ ਵਾਲੇ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ | 5-5 ਅੰਕਾਂ ਵਾਲੇ ਵੱਡੇ ਉੱਤਰਾਂ ਵਾਲੇ ਪ੍ਰਸ਼ਨ | ਕੁੱਲ ਜੋੜ |
|---|---|---|---|---|---|---|---|
| | ਬਹੁ-ਵਿਕਲਪੀ | ਖ਼ਾਲੀ ਥਾਵਾਂ ਭਰੋ | ਸਹੀ ਜਾਂ ਗ਼ਲਤ ਕਥਨ | ਸਹੀ ਮਿਲਾਣ ਕਰੋ | | | |
| ਪਹਿਲੀ | 1 | 1 | 2 | 1 | 5 | 1 | 20 ਅੰਕ |
| ਦੂਜੀ | 1 | 1 | 2 | 1 | 5 | 1 | 20 ਅੰਕ |
| ਤੀਜੀ | 1 | 1 | 1 | 1 | 3 | 1 | 15 ਅੰਕ |
| ਚੌਥੀ | 1 | 1 | 1 | 1 | 3 | 1 | 15 ਅੰਕ |
| ਕੁੱਲ ਪ੍ਰਸ਼ਨ / ਉਪ ਭਾਗ | 1/4 | 1/4 | 1/6 | 1/4 | 16 | 4 | 24 |
| ਕੁੱਲ ਅੰਕ | 4 | 4 | 6 | 4 | 32 | 20 | 70 |

ਪ੍ਰਸ਼ਨ ਪੱਤਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :

ਭਾਗ - I ਇਸ ਭਾਗ ਵਿੱਚ ਪ੍ਰਸ਼ਨ ਨੰਬਰ 1 ਤੋਂ 4 ਤੱਕ ਚਾਰ ਪ੍ਰਸ਼ਨ ਪੁੱਛੇ ਜਾਣਗੇ :

ਪ੍ਰਸ਼ਨ ਨੰ. 1 : ਇਸ ਦੇ ਚਾਰ ਉਪ ਭਾਗ ਹੋਣਗੇ। ਇਸ ਵਿੱਚ ਇੱਕ-ਇੱਕ ਅੰਕ ਵਾਲੇ ਚਾਰ 'ਬਹੁ-ਵਿਕਲਪੀ ਪ੍ਰਸ਼ਨ' ਪੁੱਛੇ ਜਾਣਗੇ।

ਪ੍ਰਸ਼ਨ ਨੰ. 2 : ਇਸ ਦੇ ਚਾਰ ਉਪ ਭਾਗ ਹੋਣਗੇ। ਇਸ ਵਿੱਚ ਇੱਕ-ਇੱਕ ਅੰਕ ਵਾਲੇ ਚਾਰ 'ਖ਼ਾਲੀ ਥਾਂਵਾਂ ਭਰੋ' ਵਾਲੇ ਪ੍ਰਸ਼ਨ ਪੁੱਛੇ ਜਾਣਗੇ।

ਪ੍ਰਸ਼ਨ ਨੰ. 3 : ਇਸ ਦੇ ਛੇ ਉਪ ਭਾਗ ਹੋਣਗੇ। ਇਸ ਵਿੱਚ ਇੱਕ-ਇੱਕ ਅੰਕ ਵਾਲੇ ਛੇ 'ਠੀਕ ਜਾਂ ਗ਼ਲਤ ਕਥਨ' ਵਾਲੇ ਪ੍ਰਸ਼ਨ ਪੁੱਛੇ ਜਾਣਗੇ।

ਪ੍ਰਸ਼ਨ ਨੰ. 4 : ਇਸ ਦੇ ਚਾਰ ਉਪ ਭਾਗ ਹੋਣਗੇ। ਇਸ ਵਿੱਚ ਇੱਕ-ਇੱਕ ਅੰਕ ਵਾਲੇ ਚਾਰ 'ਸਹੀ ਮਿਲਾਣ ਕਰੋ' ਵਾਲੇ ਪ੍ਰਸ਼ਨ ਪੁੱਛੇ ਜਾਣਗੇ।

ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।

ਭਾਗ - II ਇਸ ਭਾਗ ਵਿੱਚ ਪ੍ਰਸ਼ਨ ਨੰਬਰ 5 ਤੋਂ 20 ਤੱਕ ਦੋ-ਦੋ ਅੰਕਾਂ ਵਾਲੇ ਸੋਲ੍ਹਾਂ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ ਇੱਕ-ਦੋ ਵਾਕਾਂ ਦਾ ਹੋਵੇਗਾ। ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।

ਭਾਗ - III ਇਸ ਭਾਗ ਵਿੱਚ ਪ੍ਰਸ਼ਨ ਨੰਬਰ 21 ਤੋਂ 24 ਤੱਕ ਪੰਜ-ਪੰਜ ਅੰਕਾਂ ਵਾਲੇ ਚਾਰ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ ਪੰਜ-ਛੇ ਵਾਕਾਂ ਦਾ ਹੋਵੇਗਾ। ਇਨ੍ਹਾਂ ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਹੋਵੇਗੀ। ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੋਵੇਗਾ।

## ਪ੍ਰਯੋਗੀ ਪ੍ਰੀਖਿਆ ਲਈ ਪ੍ਰਸ਼ਨ ਪੱਤਰ ਦੀ ਬਣਤਰ

ਸਮਾਂ : 3 ਘੰਟੇ ਕੁੱਲ ਅੰਕ : 25

1. ਪ੍ਰਸ਼ਨ ਪੱਤਰ ਪ੍ਰੀਖਿਅਕ ਵੱਲੋਂ ਮੌਕੇ ਤੇ ਹੀ ਸੈੱਟ ਕੀਤਾ ਜਾਵੇਗਾ।
2. ਇੱਕ ਗਰੁੱਪ ਵਿੱਚ 30 ਤੋਂ ਵੱਧ ਪ੍ਰੀਖਿਆਰਥੀ ਨਹੀਂ ਹੋਣਗੇ।
3. ਪ੍ਰਸ਼ਨ ਪੱਤਰ ਦੇ ਦੋ ਭਾਗ ਹੋਣਗੇ :

ਭਾਗ - I ਭੂਮੀ ਅਤੇ ਫ਼ਸਲ ਪ੍ਰਬੰਧ ਕਿਰਿਆਵਾਂ, ਪਸ਼ੂ ਪਾਲਣ ਅਤੇ ਮੁਰਗ਼ੀ ਪਾਲਣ

ਭਾਗ - II ਖੇਤੀਬਾੜੀ ਜੀਵ ਵਿਗਿਆਨ

ਹਰੇਕ ਭਾਗ ਵਿੱਚੋਂ ਦੋ-ਦੋ ਪ੍ਰਯੋਗ/ਕਿਰਿਆਵਾਂ ਪੁੱਛੀਆਂ ਜਾਣਗੀਆਂ ਅਤੇ ਇਨ੍ਹਾਂ ਵਿੱਚੋਂ ਇੱਕ-ਇੱਕ ਪ੍ਰਯੋਗ/ਕਿਰਿਆ ਦਾ ਉੱਤਰ ਦੇਣਾ ਹੋਵੇਗਾ।

ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :

- 6-6 ਅੰਕਾਂ ਦੇ ਦੋ ਪ੍ਰਯੋਗ / ਕਿਰਿਆਵਾਂ। 6 ਅੰਕ X 2 = 12 ਅੰਕ
- ਪ੍ਰਯੋਗੀ ਨੋਟ ਬੁੱਕ, ਚਾਰਟ ਅਤੇ ਹੋਰ ਪੇਸ਼ਕਾਰੀ। 4ਅੰਕ
- ਜ਼ਬਾਨੀ ਪ੍ਰਸ਼ਨ। 4 ਅੰਕ
- ਬੀਜਾਂ, ਖਾਦਾਂ, ਸੰਦਾਂ, ਮਸ਼ੀਨਾਂ, ਨਦੀਨਾਂ, ਕੀੜਿਆਂ ਅਤੇ ਬਿਮਾਰੀਆਂ ਆਦਿ ਦੀ ਪਛਾਣ ਕਰਨਾ। 5 ਅੰਕ